ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-7 ਸ਼ਾਖਾ)

(ਮੂੰਹ ਬੋਲਦੇ ਹੁਕਮ)

ਹੁਕਮ ਨੰ: 7/118/2018-1ਸਿ7/
ਮਿਤੀ ਚੰਡੀਗੜ੍ਹ:

ਸ਼੍ਰੀ ਜਗਜੀਤ ਸਿੰਘ, ਸੈਂਟਰ ਹੈੱਡ ਟੀਚਰ, ਸ.ਐ.ਸ ਅਗੋਲ, ਬਲਾਕ ਭਾਦਸੋਂ-2 (ਪਟਿਆਲਾ) ਵੱਲੋਂ ਸਿਵਲ ਰਿੱਟ ਪਟੀਸ਼ਨ ਨੰਬਰ: 14586/2018 ਦਾਇਰ ਕਰਕੇ ਪੰਜਾਬ ਸਰਕਾਰ ਦੀਆਂ ਹਦਾਇਤਾਂ ਮਿਤੀ 05.07.2011 (ਪੀ-9) ਅਤੇ 23.09.2011 (ਪੀ-10) ਅਨੁਸਾਰ ਹੈਂਡੀਕੇਪਡ ਕੇਟਾਗਰੀ ਦੀਆਂ ਖਾਲੀ ਪੋਸਟਾਂ ਵਿੱਚ ਮਿਤੀ 06.03.2011 ਤੋਂ ਸੈਂਟਰ ਹੈੱਡ ਟੀਚਰ ਦੀ ਤਰੱਕੀ ਅਤੇ ਇਸ ਉਪਰੰਤ ਸੈਂਟਰ ਹੈੱਡ ਟੀਚਰ ਤੋਂ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਦੀ ਅਸਾਮੀ ਤੇ ਬਣਦੀ ਤਰੱਕੀ ਦੀ ਮੰਗ ਕੀਤੀ ਹੈ। ਇਹ ਰਿਟ ਪਟੀਸ਼ਨ ਮਾਨਯੋਗ ਹਾਈ ਕੋਰਟ ਵਲੋਂ ਆਪਣੇ ਹੁਕਮ ਮਿਤੀ 31.05.2018 ਰਾਹੀ ਡਿਸਪੋਜ਼ ਆਫ ਕਰ ਦਿੱਤੀ ਗਈ ਸੀ ਜਿਸ ਦੇ ਸਬੰਧਤ ਟੂੱਕ ਹੇਠ ਲਿੱਖੇ ਅਨੁਸਾਰ ਹਨ:-

> "In view of the above, without adverting to the merits of the case, the present petition is disposed of with a direction to respondent No.1- Secretary, Government of Punjab, Department of Education (Schools) Punjab, Civil Secretariat-2, Sector-9, Chandigarh to consider and decide the representation dated 24.02.2018 (Annexure P-17) within six weeks from the receipt of the certified copy of the order. In case, on consideration, the competent authority reaches to the conclusion that the benefit claimed by the petitioner is admissible to him, in such eventuality, the consequential relief be allowed to him, within a period of six weeks thereafter. However, in case the competent authority feels that the relief claimed by the petitioner is not admissible to him or made out, in that case, a speaking order be passed in the matter."

2. ਇਹ ਕਿ ਮਾਨਯੋਗ ਹਾਈਕੋਰਟ ਵੱਲੋਂ ਦਿੱਤੇ ਗਏ ਉਕਤ ਕੇਸ ਦੇ ਫੈਸਲੇ ਦੀ ਪਾਲਣਾ ਕਰਦੇ ਹੋਏ ਪਟੀਸ਼ਨਰ ਵਲੋਂ ਦਿੱਤੀ ਗਈ ਪ੍ਰਤੀਬੇਨਤੀ ਮਿਤੀ 24.02.2018 ਨੂੰ ਵਿਚਾਰਿਆ ਗਿਆ। ਜਿਸ ਵਿੱਚ ਉਸ ਵਲੋਂ ਦਰਸਾਇਆ ਗਿਆ ਕਿ ਡਾਇਰੈਕਟਰ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਪੱਤਰ ਨੰ: 7/29/2010-7-ਐਸ.ਐਸ./566 ਮਿਤੀ 05.07.2011 ਵਿੱਚ ਦਰਜ ਕੀਤੇ ਗਏ ਉਪਬੰਧਾਂ ਅਨੁਸਾਰ ਉਹ ਮਿਤੀ 06.11.2011 ਤੋਂ ਹੈੱਡ ਟੀਚਰ ਤੋਂ ਸੈਂਟਰ ਹੈੱਡ ਟੀਚਰ ਦੀ ਤਰੱਕੀ ਲਈ ਯੋਗ ਹੈ। ਇਸ ਲਈ ਹਦਾਇਤਾਂ ਅਨੁਸਾਰ ਉਸ ਦੀ ਬਣਦੀ ਤਰੱਕੀ ਬਣਦੀ ਮਿਤੀ ਤੋਂ ਕੀਤੀ ਜਾਵੇ, ਕਿਉਂ ਕਿ ਉਹ ਅੰਗਹੀਣ ਕੈਟਾਗਰੀ ਨਾਲ ਸਬੰਧਤ ਇਕੱਲਾ ਹੀ ਉਮੀਦਵਾਰ ਸੀ।ਇਸ ਤੋਂ ਇਲਾਵਾ ਸ੍ਰੀਮਤੀ ਪਰਮਜੀਤ ਕੌਰ, ਸੈਂਟਰ ਹੈੱਡ ਟੀਚਰ ਦਾ ਕਲੇਮ ਇਸ ਕਰਕੇ ਨਹੀਂ ਬਣਦਾ ਕਿਉਂ ਕਿ ਉਸਦੀ ਅੰਗਹੀਣ ਪ੍ਰਤੀਸ਼ਤਤਾ ਸਰਟੀਫਿਕੇਟ ਵਿੱਚ ਦਰਜ ਨਹੀਂ ਕੀਤੀ

ਗਈ ਹੈ ਅਤੇ ਨਾ ਹੀ ਇਹ ਕਰਮਚਾਰਣ ਅੰਗਹੀਣ ਭੱਤਾ ਲੈ ਰਹੀ ਹੈ। ਇਹ ਵੀ ਲਿਖਿਆ ਗਿਆ ਹੈ ਕਿ ਜਿਲ੍ਹਾ ਸਿੱਖਿਆ ਅਫਸਰ (ਐ.ਸਿੱ) ਪਟਿਆਲਾ ਵੱਲੋਂ ਪੱਤਰ ਨੰ: ਅ-5( )2013/704 ਮਿਤੀ 23.09.2013 ਅਨੁਸਾਰ ਹੈਡ ਟੀਚਰਾਂ ਤੋਂ ਸੈਂਟਰ ਹੈਡ ਟੀਚਰਾਂ ਦੀਆਂ ਤਰੱਕੀਆਂ ਦੇ ਕੇਸ ਮੰਗੇ ਗਏ ਸਨ। ਇਸ ਪੱਤਰ ਦੇ ਸਨਮੁੱਖ ਉਸ ਵੱਲੋਂ ਵੀ ਆਪਣਾ ਤਰੱਕੀ ਦਾ ਕੇਸ ਬੀ.ਪੀ.ਈ.ਓ ਭਾਦਸੋਂ-2 ਨੂੰ ਪੇਸ਼ ਕੀਤਾ ਜਿਸ ਤੇ ਬੀ.ਪੀ.ਈ.ਓ ਭਾਦਸੋਂ-2 (ਪਟਿਆਲਾ) ਵੱਲੋਂ ਡਿਸਪੈਚ ਨੰ: 1809 ਮਿਤੀ 26.09.2013 ਅਨੁਸਾਰ ਜਿਲ੍ਹਾ ਸਿੱਖਿਆ ਅਫਸਰ (ਐ.ਸਿੱ) ਪਟਿਆਲਾ ਨੂੰ ਭੇਜਿਆ। ਉਸ ਸਮੇਂ ਤਰੱਕੀ ਨਾ ਕਰਕੇ ਬਣਦਾ ਹੱਕ ਉਸ ਨੂੰ ਨਹੀਂ ਦਿੱਤਾ ਗਿਆ। ਉਸ ਦੀ ਤਰੱਕੀ ਬਤੌਰ ਸੈਂਟਰ ਹੈਡ ਟੀਚਰ (ਅੰਗਹੀਣ ਕੈਟਾਗਰੀ ਦੇ ਵਰਗ ਦੀ ਰਾਖਵੀਂ ਅਸਾਮੀ ਨੁਕਤਾ ਨੰਬਰ 40 ਵਿਰੁੱਧ) ਜਿਲ੍ਹਾ ਸਿੱਖਿਆ ਅਫਸਰ (ਐ.ਸਿੱ) ਪਟਿਆਲਾ ਵੱਲੋਂ ਹੁਕਮ ਨੰ: ਅ-5 ( )2015/ਪਦ ਉਨਤੀਆਂ/ ਸੈਂਟਰ ਹੈਡ ਟੀਚਰ ਮਿਤੀ 17.04.2015 ਨੂੰ ਕੀਤੀ ਗਈ। ਇਸ ਤਰ੍ਹਾਂ ਸਰਕਾਰ ਦੇ ਨਿਯਮਾਂ/ਜਾਰੀ ਕੀਤੀਆਂ ਗਈਆਂ ਹਦਾਇਤਾਂ ਨੂੰ ਬੇਧਿਆਨ ਕਰਕੇ ਉਸ ਨੂੰ ਬਣਦੀ ਤਰੱਕੀ ਸਮੇਂ ਸਿਰ ਨਹੀਂ ਦਿੱਤੀ ਗਈ। ਇਸ ਤਰ੍ਹਾਂ ਅੰਗਹੀਣ ਦਾ ਬੈਕਲਾਗ ਅਤੇ ਹੋਰ ਨਿਯਮ ਲਾਗੂ ਨਾ ਕਰਨ ਕਰਕੇ ਉਸ ਨਾਲ ਬੇਇਨਸਾਫੀ ਹੋਈ ਹੈ। ਉਸ ਦੀ ਬਣਦੀ ਤਰੱਕੀ ਲੇਟ ਹੋਣ ਕਰਕੇ ਉਸਦੀ ਸੀਨੀਆਰਤਾ ਵਿੱਚ ਬਹੁਤ ਪਿੱਛੇ ਚਲਾ ਗਿਆ ਹੈ। ਜਿਸ ਕਰਕੇ ਉਹ ਸਾਲ 2014 ਤੋਂ ਬੀ.ਪੀ.ਈ.ਓ ਦੀਆਂ ਕੀਤੀਆਂ ਗਈਆਂ ਤਰੱਕੀਆਂ ਵਿੱਚ ਬਣਦੇ ਹੱਕ ਨੂੰ ਖਤਮ ਕਰ ਦਿੱਤਾ ਗਿਆ ਹੈ। ਇਸ ਪ੍ਰਤੀ ਬੇਨਤੀ ਵਿੱਚ ਪਟੀਸ਼ਨਰ ਵੱਲੋਂ ਮੰਗ ਕੀਤੀ ਗਈ ਹੈ ਕਿ ਉਸ ਦੀ ਤਰੱਕੀ ਬਤੌਰ ਸੈਂਟਰ ਹੈਡ ਸਰਕਾਰ ਦੀਆਂ ਹਦਾਇਤਾ ਪੱਤਰ 05.07.2011 ਅਨੁਸਾਰ ਅੰਗਹੀਣ ਕੈਟਾਗਰੀ ਦੇ ਬੈਕਲਾਗ ਦੀ ਅਸਾਮੀ ਵਿਰੁੱਧ ਕੀਤੀ ਜਾਵੇ। ਜਿਸ ਦੇ ਅਧਾਰ ਤੇ ਸੀਨੀਆਰਤਾ ਨੰਬਰ ਸੋਧ ਕੇ ਅਲਾਟ ਕੀਤਾ ਜਾਵੇ ਅਤੇ ਸੋਧੀ ਹੋਈ ਸੀਨੀਆਰਤਾ ਦੇ ਅਧਾਰ ਤੇ ਬੀ.ਪੀ.ਈ.ਓ ਦੀ ਬਣਦੀ ਤਰੱਕੀ ਕੀਤੀ ਜਾਵੇ।

3. ਇਹ ਕਿ ਪਟੀਸ਼ਨਰ ਵਲੋਂ ਦਿੱਤੀ ਗਈ ਪ੍ਰਤੀਬੇਨਤੀ ਮਿਤੀ 24.02.2018 ਦੇ ਸਬੰਧ ਵਿੱਚ ਦਸਿਆ ਜਾਂਦਾ ਹੈ ਕਿ ਸ਼੍ਰੀ ਜਗਜੀਤ ਸਿੰਘ ਪੁੱਤਰ ਸ਼੍ਰੀ ਪ੍ਰੀਤਮ ਸਿੰਘ, ਵਾਸੀ ਪਿੰਡ ਨੌਹਰਾ, ਡਾਕਖਾਨਾ ਦੰਦਰਾਲਾ ਢੀਂਡਸਾ, ਤਹਿਸੀਲ ਨਾਭਾ (ਪਟਿਆਲਾ) ਦੀ ਨਿਯੁਕਤੀ ਬਤੌਰ ਈ.ਟੀ.ਟੀ ਟੀਚਰ ਜਿਲ੍ਹਾ ਸਿੱਖਿਆ ਅਫਸਰ (ਐ.ਸਿ), ਪਟਿਆਲਾ ਦੇ ਹੁਕਮ ਨੰ: ਅ-1/ਈ.ਟੀ.ਟੀ/ਨਿਯੁਕਤੀਆਂ/98/ਰਾਮਦਾਸੀਏ/ ਮਿਤੀ 24.09.1998 ਅਨੁਸਾਰ ਅਨੁਸੂਚਿਤ ਜਾਤੀ ਦੇ ਵਰਗ ਦੀ ਰਾਂਖਵੀ ਅਸਾਮੀ ਵਿਰੁੱਧ ਹੋਈ ਸੀ। ਜਿਸ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਇਸ ਕਰਮਚਾਰੀ ਦੀ ਨਿਯੁਕਤੀ ਅੰਗਹੀਣ ਕੈਟਾਗਰੀ ਦੇ ਵਰਗ ਦੀ ਰਾਖਵੀਂ ਅਸਾਮੀ ਵਿਰੁੱਧ ਨਹੀਂ ਹੋਈ ਹੈ। ਇਸ ਦੇ ਸਨਮੁੱਖ ਇਸ ਕਰਮਚਾਰੀ ਨੂੰ ਬਣਦਾ (ਈ.ਟੀ.ਟੀ) ਸੀਨੀਆਰਤਾ ਨੰਬਰ 118 ਅਲਾਟ ਕੀਤਾ ਗਿਆ ਜਿਸ ਸਬੰਧੀ ਇਸ ਵੱਲੋਂ ਕਦੇ ਕੋਈ ਇਤਰਾਜ ਪੇਸ਼ ਨਹੀਂ ਕੀਤਾ ਗਿਆ।

4. ਇਹ ਕਿ ਜਿਲਾ ਸਿੱਖਿਆ ਅਫਸਰ (ਐ.ਸਿ) ਪਟਿਆਲਾ ਵੱਲੋਂ ਸਮਰੱਥ ਅਧਿਕਾਰੀ ਹੋਣ ਦੇ ਨਾਤੇ ਸਾਲ 2010 ਵਿੱਚ ਈ.ਟੀ.ਟੀ ਟੀਚਰਾਂ ਤੋਂ ਹੈਡ ਟੀਚਰਾਂ ਦੀਆਂ ਕੀਤੀਆਂ ਗਈਆਂ ਤਰੱਕੀਆਂ ਦੌਰਾਨ ਪਟੀਸ਼ਨਰ ਦੀ ਤਰੱਕੀ ਅਨੁਸੂਚਿਤ ਕੈਟਾਗਰੀ ਦੀ ਅਸਾਮੀ ਵਿੱਚ ਹੁਕਮ ਨੰਬਰ:

ਅ-5/4(1)/2010 ਪਦ ਉਨਤੀਆਂ/2818 ਮਿਤੀ 30/11/2010 ਅਨੁਸਾਰ ਕੀਤੀ ਗਈ ਜਿਸ ਦੇ ਸਨਮੁੱਖ ਹੈੱਡ ਟੀਚਰਾਂ ਦੀ ਸੀਨੀਆਰਤਾ ਸੂਚੀ ਵਿੱਚ ਸੀਨੀਆਰਤਾ ਨੰਬਰ 115 ਅਲਾਟ ਕੀਤਾ ਗਿਆ ਜਿਸ ਸਬੰਧੀ ਪਟੀਸ਼ਨਰ ਵੱਲੋਂ ਵਿਭਾਗ ਨੂੰ ਕਦੇ ਕੋਈ ਇਤਰਾਜ਼ ਪੇਸ਼ ਨਹੀਂ ਕੀਤਾ ਗਿਆ। ਜਿਲ੍ਹਾ ਸਿੱਖਿਆ ਅਫਸਰ (ਐ.ਸਿ) ਪਟਿਆਲਾ ਵੱਲੋਂ ਸਮਰੱਥ ਅਧਿਕਾਰੀ ਹੋਣ ਦੇ ਨਾਤੇ ਸਾਲ 2015 ਵਿੱਚ ਹੈੱਡ ਟੀਚਰਾਂ ਤੋਂ ਸੈਂਟਰ ਹੈੱਡ ਟੀਚਰਾਂ ਦੀਆਂ ਤਰੱਕੀਆਂ ਕਰਦੇ ਸਮੇਂ ਪਟੀਸ਼ਨਰ ਦੀ ਤਰੱਕੀ ਹੁਕਮ ਨੰਬਰ ਅ-5/( )2015/ਪਦ ਉਨਤੀਆਂ/ਸੈਂਟਰ ਹੈੱਡ ਟੀਚਰ/ ਮਿਤੀ 17/04/2015 ਅਨੁਸਾਰ ਬਤੌਰ ਸੈਂਟਰ ਹੈੱਡ ਟੀਚਰ ਦੀ ਤਰੱਕੀ ਵੀ ਅੰਗਹੀਣ ਦੇ ਰਾਖਵੀਂ ਅਸਾਮੀ ਦੇ ਨੁਕਤਾ ਨੰਬਰ 40 ਵਿਰੁੱਧ ਕੀਤੀ ਗਈ।

5. ਇਹ ਕਿ ਡਾਇਰੈਕਟਰ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ, ਚੰਡੀਗੜ੍ਹ ਵੱਲੋਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਪੱਤਰ ਨੰਬਰ: 7/29/2010-7-ਐਸ.ਐਸ/566 ਮਿਤੀ 05/07/2011 ਵਿੱਚ ਦਰਜ ਕੀਤੇ ਗਏ ਅਨੁਸਾਰ ਅੰਗਹੀਣ ਕੈਟਾਗਰੀ ਦੇ ਵਰਗ ਨੂੰ ਤਰੱਕੀਆਂ ਵਿੱਚ 3% ਕੋਟਾ ਦੇਣ ਦਾ ਉਪਬੰਧ ਕੀਤਾ ਗਿਆ। ਜਿਸ ਅਨੁਸਾਰ ਗਰੁੱਪ ਏ,ਬੀ,ਸੀ ਅਤੇ ਡੀ ਦੀਆਂ ਅਸਾਮੀਆਂ ਵਿੱਚ ਤਿੰਨ ਕੈਟਾਗਰੀ ਜਿਵੇਂ ਕਿ ਬਲਾਇੰਡ, ਵਿਜੁਅਲ ਡੈੱਫ ਐਂਡ ਡੰਪ ਅਤੇ ਸਰੀਰਕ ਤੌਰ ਤੇ ਅਪਾਹਜ ਕੈਟਾਗਰੀ ਨੂੰ 1+1+1% ਦੇ ਹਿਸਾਬ ਨਾਲ ਤਰੱਕੀਆਂ ਵਿੱਚ ਕੋਟਾ ਦੇਣ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਗਈਆਂ। ਇਨ੍ਹਾਂ ਹਦਾਇਤਾਂ ਦੇ ਸਨਮੁੱਖ ਐਲੀਮੈਂਟਰੀ ਵਿੰਗ ਅਧੀਨ ਜਿਲ੍ਹਾ ਪਟਿਆਲਾ ਵਿੱਚ ਸਮੇਂ-ਸਮੇਂ ਕੀਤੀਆਂ ਗਈਆਂ ਤਰੱਕੀਆਂ ਵਿੱਚ ਯੋਗ ਟੀਚਰਾਂ ਨੂੰ ਅੰਗਹੀਣ ਕੈਟਾਗਰੀ ਦੇ ਰਾਖਵੇਂ ਨੁਕਤਿਆਂ ਵਿਰੁੱਧ ਬਣਦੀਆਂ ਤਰੱਕੀਆਂ ਕੀਤੀਆਂ ਗਈਆਂ। ਜਿਸ ਸਬੰਧੀ ਪਟੀਸ਼ਨਰ ਵੱਲੋਂ ਉਸ ਵੇਲੇ ਕਦੇ ਕੋਈ ਇਤਰਾਜ ਪੇਸ਼ ਨਹੀਂ ਕੀਤਾ ਗਿਆ।

6. ਇਹ ਕਿ ਹੈੱਡ ਟੀਚਰਾਂ ਤੋਂ ਸੈਂਟਰ ਹੈੱਡ ਟੀਚਰਾਂ ਦੀਆਂ ਤਰੱਕੀਆਂ ਕਰਨ ਉਪਰੰਤ ਜਿਲ੍ਹਾ ਸਿੱਖਿਆ ਅਫਸਰ (ਐ.ਸਿੱ) ਪਟਿਆਲਾ ਵੱਲੋਂ ਸੈਂਟਰ ਹੈੱਡ ਟੀਚਰ ਦੀ ਸੀਨੀਆਰਤਾ ਸੂਚੀ ਮਿਤੀ 01.12.2015 ਅਨੁਸਾਰ ਜਾਰੀ ਕੀਤੀ ਗਈ ਸੀਨੀਆਰਤਾ ਸੂਚੀ ਵਿੱਚ ਪਟੀਸ਼ਨਰ ਨੂੰ ਸੀਨੀਆਰਤਾ ਨੰਬਰ 62 ਅਲਾਟ ਕੀਤਾ ਗਿਆ। ਇਹ ਸੀਨੀਆਰਤਾ ਸੂਚੀ ਪ੍ਰਵੀਜਨਲ ਤਿਆਰ ਕਰਕੇ ਵਿਭਾਗ ਦੀ ਵੈੱਬ ਸਾਈਟ ਤੇ ਅਪਲੋਡ ਕਰਕੇ ਇਤਰਾਜ ਪੇਸ਼ ਕਰਨ ਲਈ ਪੱਤਰ ਲਿਖਿਆ ਗਿਆ ਸੀ ਪਰ ਪਟੀਸ਼ਨਰ ਵੱਲੋਂ ਸੀਨੀਆਰਤਾ ਸਬੰਧੀ ਕਦੇ ਕੋਈ ਇਤਰਾਜ ਲਿਖਤੀ ਰੂਪ ਵਿੱਚ ਪੇਸ਼ ਨਹੀਂ ਕੀਤਾ ਗਿਆ। ਜਿਨ੍ਹਾਂ ਵੱਲੋਂ ਕੋਈ ਇਤਰਾਜ ਪੇਸ਼ ਕੀਤੇ ਗਏ ਉਨ੍ਹਾਂ ਨੂੰ ਨਿਯਮਾਂ ਅਨੁਸਾਰ ਵਿਚਾਰਨ ਉਪਰੰਤ ਸੈਂਟਰ ਹੈੱਡ ਟੀਚਰਾਂ ਦੀ ਸੀਨੀਆਰਤਾ ਸੂਚੀ ਫਾਈਨਲ ਕਰਕੇ ਜਾਰੀ ਕਰ ਦਿੱਤੀ ਗਈ, ਇਸ ਉਪਰੰਤ ਵੀ ਪਟੀਸ਼ਨਰ ਵੱਲੋਂ ਕਦੇ ਕੋਈ ਇਤਰਾਜ ਪੇਸ਼ ਨਹੀਂ ਕੀਤਾ ਗਿਆ।

7. ਇਹ ਕਿ ਸਾਲ 2016 ਵਿੱਚ ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ.) ਵੱਲੋਂ ਸੈਂਟਰ ਹੈੱਡ ਟੀਚਰਾਂ ਤੋਂ ਬਲਾਕ ਪ੍ਰਾਇਮਰੀ ਸਿੱਖਿਆ ਅਫਸਰਾਂ ਦੀਆਂ ਤਰੱਕੀਆਂ ਕਰਨ ਲਈ ਰਾਜ ਦੇ ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿੱ) ਤੋਂ ਅਜੰਡੇ/ਕੇਸਾਂ ਦੀ ਮੰਗ ਕੀਤੀ ਗਈ। ਜਿਸ ਦੇ

ਸਨਮੁੱਖ ਜਿਲ੍ਹਾ ਸਿੱਖਿਆ ਅਫਸਰ (ਐ.ਸਿੱ) ਪਟਿਆਲਾ ਤੋਂ ਪ੍ਰਾਪਤ ਹੋਏ ਅਜੰਡੇ/ਕੇਸਾਂ ਦੇ ਸਨਮੁੱਖ ਉਸ ਵੇਲੇ ਸੀਨੀਆਰਤਾ-ਕਮ-ਮੈਰਿਟ ਦੇ ਅਧਾਰ ਤੇ ਤਰੱਕੀਆਂ ਦੇ ਹੁਕਮ, ਨਿਯਮਾਂ ਅਨੁਸਾਰ ਯੋਗ ਵਿਧੀ ਅਪਨਾ ਕੇ ਵਿਭਾਗੀ ਸਕਰੀਨਿੰਗ ਕਮੇਟੀ ਵੱਲੋਂ ਕੀਤੀਆਂ ਗਈਆਂ ਸਿਫਾਰਸ਼ਾਂ ਦੇ ਸਨਮੁੱਖ, ਜਾਰੀ ਕੀਤੇ ਗਏ। ਜਿਸ ਉਪਰੰਤ ਪਟੀਸ਼ਨਰ ਵੱਲੋਂ ਲਿਖਤੀ ਰੂਪ ਵਿੱਚ ਮੰਗ ਉਠਾਈ ਗਈ ਕਿ ਉਹ ਜਨਮ ਤੋਂ ਹੀ ਅੰਗਹੀਣ ਹੈ ਅਤੇ ਉਸਨੇ ਅੰਗਹੀਣ ਦਾ ਸਰਟੀਫਿਕੇਟ ਸਮਰੱਥ ਅਧਿਕਾਰੀ ਤੋਂ ਜਾਰੀ ਕਰਵਾਇਆ ਹੈ। ਜਿਸ ਦੇ ਅਧਾਰ ਤੇ ਪਟੀਸ਼ਨਰ ਵੱਲੋਂ ਬੀ.ਪੀ.ਈ.ਓ ਦੀ ਅੰਗਹੀਣ ਕੈਟਾਗਰੀ ਦੀ ਰਾਖਵੀਂ ਅਸਾਮੀ ਵਿਰੁੱਧ ਤਰੱਕੀ ਦੀ ਮੰਗ ਕੀਤੀ ਗਈ। ਉਸ ਵੇਲੇ ਪਟੀਸ਼ਨਰ ਵੱਲੋਂ ਪੇਸ਼ ਕੀਤੀ ਗਈ ਪ੍ਰਤੀਬੇਨਤੀ ਵਿੱਚ ਦਰਜ ਕੀਤੇ ਗਏ ਤੱਥਾਂ ਨੂੰ ਵਿਚਾਰਨ ਉਪਰੰਤ ਬੀ.ਪੀ.ਈ.ਓ ਦੀ ਅੰਗਹੀਣ ਕੈਟਾਗਰੀ ਦੀ ਰਾਖਵੀਂ ਅਸਾਮੀ ਵਿਰੁੱਧ ਸ੍ਰੀ ਹੰਸ ਰਾਜ, ਸੈਂਟਰ ਹੈੱਡ ਟੀਚਰ ਦੀ ਤਰੱਕੀ ਕੀਤੀ ਗਈ ਕਿਉਕਿ ਉਸ ਵੇਲੇ ਸ੍ਰੀ ਹੰਸ ਰਾਜ, ਸੈਂਟਰ ਹੈੱਡ ਟੀਚਰ ਜਿਸ ਦਾ ਸੀਨੀਆਰਤਾ ਨੰ: 45 ਸੀ ਅਤੇ ਇਕ ਹੋਰ ਕਰਮਚਾਰਨ ਸ੍ਰੀਮਤੀ ਪਰਮਜੀਤ ਕੌਰ, ਜਿਸ ਦਾ ਸੀਨੀਆਰਤਾ ਨੰਬਰ 53 ਸੀ ਅਤੇ ਪਟੀਸ਼ਨਰ ਦਾ ਸੀਨੀਆਰਤਾ ਨੰ: 62 ਸੀ ਜਿਸ ਕਰਕੇ ਬੀ.ਪੀ.ਈ.ਓ ਦੀ ਅੰਗਹੀਣ ਕੈਟਾਗਰੀ ਦੀ ਰਾਖਵੀਂ ਅਸਾਮੀ ਵਿਰੁੱਧ ਸ੍ਰੀ ਹੰਸ ਰਾਜ, ਸੈਂਟਰ ਹੈੱਡ ਟੀਚਰ ਦੀ ਤਰੱਕੀ ਕੀਤੀ ਗਈ।

8. ਇਹ ਕਿ ਤਰੱਕੀਆਂ ਸਬੰਧੀ ਜਿਲ੍ਹਾ ਸਿੱਖਿਆ ਅਫਸਰ (ਐ.ਸਿੱ) ਪਟਿਆਲਾ ਵੱਲੋਂ ਪੇਸ਼ ਕੀਤੇ ਗਏ ਰਿਕਾਰਡ ਅਨੁਸਾਰ ਸ੍ਰੀ ਹੰਸ ਰਾਜ ਦੀ ਨਿਯੁੱਕਤੀ ਸਾਲ 1988 ਵਿੱਚ ਬਤੌਰ ਜੇ.ਬੀ.ਟੀ/ਈ.ਟੀ.ਟੀ ਟੀਚਰ ਵਜੋਂ ਹੋਈ ਸੀ ਅਤੇ ਇਹ ਕਰਮਚਾਰੀ ਪਛੜੀ ਜਾਤੀ ਨਾਲ ਸਬੰਧ ਰੱਖਦਾ ਹੈ। ਇਹ ਕਰਮਚਾਰੀ ਸਾਲ 2014 ਵਿੱਚ ਕਿਸੇ ਸੜਕ ਦੁਰਘਟਨਾ ਦੌਰਾਨ ਅੰਗਹੀਣ ਹੋ ਗਿਆ, ਜਿਸ ਨੂੰ ਸਮਰੱਥ ਅਧਿਕਾਰੀਆਂ ਵੱਲੋਂ ਅੰਗਹੀਣ ਹੋਣ ਦਾ ਸਰਟੀਫਿਕੇਟ ਜਾਰੀ ਕੀਤਾ ਗਿਆ।

9. ਇਹ ਕਿ ਉਪਰੋਕਤ ਅਨੁਸਾਰ ਪਟੀਸ਼ਨਰ ਵੱਲੋਂ ਪੇਸ਼ ਕੀਤੀ ਗਈ ਪ੍ਰਤੀ ਬੇਨਤੀ ਮਿਤੀ 24.02.2018 ਵਿੱਚ ਦਰਜ ਕੀਤੇ ਗਏ ਤੱਥਾਂ ਨੂੰ ਰਿਕਾਰਡ ਦੇ ਅਧਾਰ ਤੇ ਮੁੜ ਗਹੁ ਨਾਲ ਘੋਖਿਆ ਗਿਆ ਅਤੇ ਇਹ ਪਾਇਆ ਗਿਆ ਹੈ ਕਿ ਜਿਲ੍ਹਾ ਸਿੱਖਿਆ ਅਫਸਰ (ਐ.ਸਿੱ) ਪਟਿਆਲਾ ਵੱਲੋਂ ਨੰਬਰ ਅ-5( )2013/704 ਮਿਤੀ 23.09.2013 ਅਨੁਸਾਰ ਹੈੱਡ ਟੀਚਰਾਂ ਤੋਂ ਸੈਂਟਰ ਹੈੱਡ ਟੀਚਰਾਂ ਦੀਆਂ ਤਰੱਕੀਆਂ ਦੇ ਕੇਸ ਮੰਗੇ ਗਏ ਸਨ ਪਰ ਹੈੱਡ ਟੀਚਰਾਂ ਦੀਆਂ ਸੀਨੀਆਰਤਾ ਸੂਚੀ ਫਾਈਨਲ ਨਾ ਹੋਣ ਕਰਕੇ ਤਰੱਕੀਆਂ ਨਹੀਂ ਕੀਤੀਆਂ ਗਈਆਂ ਅਤੇ ਨਾ ਹੀ ਪਟੀਸ਼ਨਰ ਨਾਲੋਂ ਜੂਨੀਅਰ ਕੋਈ ਹੈੱਡ ਟੀਚਰ ਦੀ ਤਰੱਕੀ ਕੀਤੀ ਗਈ।

10. ਡਾਇਰੈਕਟਰ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ, ਚੰਡੀਗੜ੍ਹ ਵੱਲੋਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਪੱਤਰ ਨੰ: 7/29/2010-7-ਐਸ.ਐਸ./566 ਮਿਤੀ 05.07.2011 ਵਿੱਚ ਦਰਜ ਕੀਤੇ ਗਏ ਉਪਬੰਧਾਂ ਅਨੁਸਾਰ ਉਹਨਾਂ ਵੱਲੋਂ ਰਾਜ ਦੇ ਕਿਸੇ ਵਿਭਾਗ ਨੂੰ ਕਿਤੇ ਵੀ ਇਹ ਹਦਾਇਤਾਂ ਨਹੀਂ ਦਿੱਤੀਆਂ ਕਿ ਇਹ ਪੱਤਰ ਜਾਰੀ ਹੋਣ ਉਪਰੰਤ ਤੁਰੰਤ ਅੰਗਹੀਣ ਕੈਟਾਗਰੀ ਦੇ ਬੈਕਲਾਗ ਦੀਆਂ ਬਣਦੀਆਂ ਅਸਾਮੀਆਂ ਵਿਰੁੱਧ

ਬਣਦੀਆਂ ਤਰੱਕੀਆਂ ਕਰਨ ਲਈ ਮਿਤੀ/ਸਮਾਂ ਬੱਧ ਨਹੀਂ ਕੀਤਾ ਗਿਆ। ਇਨ੍ਹਾਂ ਹਦਾਇਤਾਂ ਦੇ ਸਨਮੁੱਖ ਅੰਗਹੀਣ ਕੈਟਾਗਰੀ ਦੇ ਵਰਗ ਦੇ ਕਰਮਚਾਰੀਆਂ ਦੀ ਵੱਖ-ਵੱਖ ਵਿਭਾਗਾਂ ਵੱਲੋਂ ਤਰੱਕੀਆਂ ਕਰਦੇ ਸਮੇਂ, ਤਰੱਕੀਆਂ ਲਈ ਵਿਚਾਰਿਆ ਜਾਣਾ ਬਣਦਾ ਸੀ। ਜਿਸ ਦੇ ਸਨਮੁੱਖ ਜਿਲ੍ਹਾ ਸਿੱਖਿਆ ਅਫਸਰ (ਐ.ਸਿੱ) ਪਟਿਆਲਾ ਵੱਲੋਂ ਹੈੱਡ ਟੀਚਰਾਂ ਦੀ ਸੀਨੀਆਰਤਾ ਸੂਚੀ ਫਾਈਨਲ ਕਰਨ ਅਤੇ ਰੋਸਟਰ ਰਜਿਸਟਰ ਸਮਰੱਥ ਅਧਿਕਾਰੀ ਤੋਂ ਪ੍ਰਵਾਨ ਹੋਣ ਉਪਰੰਤ ਟੀਚਰਾਂ ਤੋਂ ਸੈਂਟਰ ਹੈਡ ਟੀਚਰਾਂ ਦੀਆਂ ਤਰਕੀਆਂ ਦੇ ਕੇਸ ਦਫ਼ਤਰ ਦੇ ਪੱਤਰ ਨੰ-ਅ-5( )2015 ਮਿਤੀ ਪਟਿਆਲਾ 15.04.2015 ਰਾਹੀਂ ਮੰਗੇ ਗਏ ਜਿਸ ਉਪਰੰਤ ਬਣਦੀਆਂ ਤਰਕੀਆਂ ਅਪ੍ਰੈਲ 2015 ਵਿੱਚ ਕਰ ਦਿੱਤੀਆਂ ਗਈਆਂ। ਇਨ੍ਹਾਂ ਤਰੱਕੀਆਂ ਵਿੱਚ ਪਟੀਸ਼ਨਰ ਦੀ ਬਣਦੀ ਤਰੱਕੀ ਅੰਗਹੀਣ ਕੈਟਾਗਰੀ ਦੇ ਰਾਖਵੇਂ ਨੁਕਤੇ 40 ਵਿਰੁੱਧ ਕੀਤੀ ਗਈ ਸੀ।

DGSE (innity) 4-7-18 DM-MIS

ਉਪਰੋਕਤ ਦਰਸਾਈ ਸਥਿਤੀ ਅਤੇ ਸਬੰਧਤ ਰਿਕਾਰਡ ਦੇ ਸਨਮੁੱਖ ਮੈਂ ਕ੍ਰਿਸ਼ਨ ਕੁਮਾਰ, ਸਕੱਤਰ ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ ਇਸ ਨਤੀਜੇ ਤੇ ਪੁੱਜਾ ਹਾਂ ਕਿ ਸ੍ਰੀ ਜਗਜੀਤ ਸਿੰਘ, ਸੈਂਟਰ ਹੈਡ ਟੀਚਰ, ਸਐਸ ਅਗੌਲ, ਬਲਾਕ ਭਾਦਸੋਂ-2 (ਪਟਿਆਲਾ) ਦਾ ਕਲੇਮ ਅੰਗਹੀਣ ਕੈਟਾਗਰੀ ਦੀ ਰਾਖਵੀਂ ਅਸਾਮੀ ਵਿਰੁੱਧ ਮਿਤੀ 06.03.2011 ਤੋਂ ਵਿਚਾਰਨਾ ਨਹੀਂ ਬਣਦਾ, ਕਿਉਂ ਕਿ ਜਿਲ੍ਹਾ ਸਿੱਖਿਆ ਅਫਸਰ (ਐ.ਸਿੱ) ਪਟਿਆਲਾ ਵੱਲੋਂ ਕੀਤੀਆਂ ਗਈਆਂ ਤਰੱਕੀਆਂ ਨਿਯਮਾਂ ਅਨੁਸਾਰ ਕੀਤੀਆਂ ਗਈਆਂ ਹਨ ਅਤੇ ਪਟੀਸ਼ਨਰ ਨਾਲੋਂ ਜੂਨੀਅਰ ਕਿਸੇ ਵੀ ਕਰਮਚਾਰੀ ਦੀ ਤਰੱਕੀ ਉਸ ਦੀ ਤਰੱਕੀ ਤੋਂ ਪਹਿਲਾਂ ਨਹੀਂ ਕੀਤੀ ਗਈ ਹੈ। ਇਸ ਲਈ ਪਟੀਸ਼ਨਰ ਵੱਲੋਂ ਤਰੱਕੀ ਦੇ ਸਬੰਧ ਵਿੱਚ ਪੇਸ਼ ਕੀਤੀ ਗਈ ਪ੍ਰਤੀਬੇਨਤੀ ਮਿਤੀ 24.02.2018 ਵਿੱਚ ਦਰਜ ਕੀਤੇ ਗਏ ਕਲੇਮ ਨੂੰ ਨਿਯਮਾਂ/ਹਦਾਇਤਾਂ ਦੇ ਸਨਮੁੱਖ ਵਿਚਾਰਨ ਉਪਰੰਤ ਰੱਦ ਕਰਦਾ ਹਾਂ।

ਕ੍ਰਿਸ਼ਨ ਕੁਮਾਰ
ਸਕੱਤਰ, ਪੰਜਾਬ ਸਰਕਾਰ
ਸਕੂਲ ਸਿੱਖਿਆ ਵਿਭਾਗ

ਮਿਤੀ ਚੰਡੀਗੜ੍ਹ:
27-06-2018

ਪਿੱਠ ਅੰਕਣ ਨੰ: ਉਕਤ 1262852/5 ਮਿਤੀ ਚੰਡੀਗੜ੍ਹ: 3/7/18

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ), ਪੰਜਾਬ, ਚੰਡੀਗੜ੍ਹ ਨੂੰ ਉਹਨਾਂ ਦੇ ਪੱਤਰ ਨੰਬਰ: 18/213-2016- ਅਮਲਾ-2(3) ਮਿਤੀ ਦੇ ਹਵਾਲੇ ਵਿੱਚ।
2. ਜਿਲਾ ਸਿੱਖਿਆ ਅਫਸਰ (ਐ.ਸਿ), ਪਟਿਆਲਾ।
3. ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਭਾਦਸੋਂ-2 (ਪਟਿਆਲਾ)
4. ਸ੍ਰੀ ਜਗਜੀਤ ਸਿੰਘ, ਸੈਂਟਰ ਹੈਡ ਟੀਚਰ, ਸ.ਐ.ਸ ਅਗੌਲ, ਬਲਾਕ ਭਾਦਸੋਂ-2 (ਪਟਿਆਲਾ)।
5. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਦਫਤਰ ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ, ਅਜੀਤਗੜ੍ਹ ਨੂੰ ਵਿਭਾਗ ਦੀ ਬਸਾਈਟ ਤੇ ਅਪਲੋਡ ਕਰਨ ਲਈ।

ਸੁਪਰਡੰਟ
2-ਪੀ

O/o DGSE CUM SPD
Sarva Shiksha Abhiyan Authority (Pb)
Central Dairy
No. 35104 Date 4/7/18